# ਨਵਜੋਤ ਦੀ ਕਹਾਣੀ: ਡਿਮੈਂਸ਼ੀਆ ਨਾਲ ਅੱਗੇ ਵਧਣਾ

**ਅੰਗਰੇਜ਼ੀ ਵਿਚ ਵੀ ਉਪਲਬਧ ਹੈ l Also available in English**

ਜਦੋਂ ਮੇਰੀ ਦਾਦੀ ਨੂੰ ਡਿਮੈਂਸ਼ੀਆ ਹੋਣ ਦਾ ਪਤਾ ਲੱਗਾ ਤਾਂ ਅਸੀਂ ਪੂਰੀ ਤਰ੍ਹਾਂ ਨਹੀਂ ਸਮਝ ਸਕੇ ਕਿ ਇਸਦਾ ਕੀ ਅਰਥ ਹੈ| ਮੈਨੂੰ ਡਿਮੈਂਸ਼ੀਆ ਬਾਰੇ ਕੁਝ ਗਿਆਨ ਸੀ, ਪਰ ਮੇਰੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਨਹੀਂ ਸੀ। ਮੇਰੀ ਦਾਦੀ ਵਿਚ ਡਿਮੈਂਸ਼ੀਆ ਦੀ ਪਛਾਣ ਛੇਤੀ ਹੋ ਗਈ ਸੀ, ਯਾਦਦਾਸ਼ਤ ਘਟਣ ਤੋਂ ਇਲਾਵਾ ਚਿੰਤਾ ਵਾਲੀਆਂ ਕੋਈ ਨਿਸ਼ਾਨੀਆਂ ਨਹੀਂ ਸਨ, ਜੋ ਕਿ ਅਕਸਰ ਬੁਢਾਪੇ ਦੇ ਆਮ ਹਿੱਸੇ ਵਜੋਂ ਦੇਖਿਆ ਜਾਂਦਾ ਹੈ।ਸਾਨੂੰ ਡਿਮੈਂਸ਼ੀਆ ਹੋਣ ਦੀ ਚਿਤਾਵਨੀ ਉਦੋਂ ਲੱਗਾ ਜਦੋਂ ਉਹ ਭਾਰਤ ਅਤੇ ਕੈਨੇਡਾ ਦੀਆਂ ਯਾਤਰਾਵਾਂ ਦੌਰਾਨ ਬਹੁਤ ਉਲਝਣ ਵਿੱਚ ਸੀ। ਉਹ ਪਛਾਣ ਨਹੀਂ ਸਕੇ ਕਿ ਉਹ ਕਿੱਥੇ ਹਨ।

ਅਸੀਂ ਇਸ ਤੱਥ ਨੂੰ ਅਨੁਕੂਲ ਬਣਾਉਣਾ ਸ਼ੁਰੂ ਕੀਤਾ ਕਿ ਦਾਦੀ ਨੂੰ ਡਿਮੈਂਸ਼ੀਆ ਹੈ। ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਜਾਰੀ ਰੱਖਿਆ.

## ਦੱਖਣੀ ਏਸ਼ੀਅਨ ਸਭਿਆਚਾਰ ਵਿਚ ਡਿਮੈਂਸ਼ੀਆ

ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ ਡਿਮੈਂਸ਼ੀਆ ਨਾਲ ਰਹਿਣਾ ਵੱਖ ਵੱਖ ਚੁਣੌਤੀਆਂ ਪੇਸ਼ ਕਰਦਾ ਹੈ। ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ, ਡਿਮੈਂਸ਼ੀਆ ਨੂੰ ਅਕਸਰ ਸੱਭਿਆਚਾਰਕ ਨਿਯਮ,ਰਵਾਇਤੀ ਵਿਸ਼ਵਾਸ, ਅਤੇ ਸਮਾਜਿਕ ਉਮੀਦਾਂ ਦੇ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ ।

> **ਬਦਕਿਸਮਤੀ ਨਾਲ, ਇਨ੍ਹਾਂ ਭਾਈਚਾਰਿਆਂ ਵਿਚ ਡਿਮੈਂਸ਼ੀਆ ਨਾਲ ਸੰਬੰਧਿਤ ਕਾਫੀ ਬਦਨਾਮੀ ਨੇ ਇਸ ਹਾਲਤ ਨੂੰ ਖੁੱਲ੍ਹ ਕੇ ਸਵੀਕਾਰ ਕਰਨ ਜਾਂ ਇਸ ਬਾਰੇ ਗੱਲ ਕਰਨ ਦੀ ਝਿਜਕ ਵਿਚ ਯੋਗਦਾਨ ਪਾਇਆ ਹੈ।**

ਪ੍ਰਚਲਿਤ ਗਲਤ ਧਾਰਨਾ ਕਿ ਯਾਦਦਾਸ਼ਤ ਦਾ ਘਟਨਾ ਸਿਰਫ ਬੁਢੇਪੇ ਦਾ ਇਕ ਆਮ ਹਿੱਸਾ ਹੈ, ਸਮਾਜ ਦੇ ਫੈਸਲੇ ਦੇ ਡਰ ਨਾਲ, ਡਿਮੈਂਸ਼ੀਆ ਦਾ ਪਤਾ ਲੱਗਣ ਵਿਚ ਦੇਰੀ ਅਤੇ ਮਦਦ ਕਰਨ ਵਾਲੀਆਂ ਸੇਵਾਵਾਂ ਤੱਕ ਸੀਮਤ ਪਹੁੰਚ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ, ਮਾਨਸਿਕ ਸਿਹਤ ਦੀਆਂ ਚੁਣੌਤੀਆਂ ਅਤੇ ਬੌਧਿਕ ਵਿਗਾੜਾਂ ਨਾਲ ਜੁੜੀ ਬਦਨਾਮੀ ਦਾ ਨਤੀਜਾ, ਲੋੜੀਂਦੇ ਮੈਡੀਕਲ ਧਿਆਨ ਜਾਂ ਭਾਈਚਾਰਕ ਮਦਦ ਦੀ ਮੰਗ ਕੀਤੇ ਬਿਨਾਂ, ਵਿਅਕਤੀਆਂ ਅਤੇ ਪਰਿਵਾਰਾਂ ਦਾ ਇਕੱਲਿਆਂ ਡਿਮੈਂਸ਼ੀਆ ਨਾਲ ਜੱਦੋਜਹਿਦ ਕਰਨ ਵਿਚ ਨਿਕਲ ਸਕਦਾ ਹੈ।

ਯੂ.ਕੇ ਵਿਚ ਹੋਈ ਖੋਜ ਨੇ ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ ਜਾਗਰੂਕਤਾ ਦੀ ਘਾਟ ਅਤੇ ਡਿਮੈਂਸ਼ੀਆ ਨਾਲ ਸੰਬੰਧਿਤ ਅਪਮਾਨਕਾਰੀ ਚਿੰਤਾ ਕਾਰਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਨੂੰ ਉਜਾਗਰ ਕੀਤਾ ਹੈ, ਜੋ ਕਿ ਲੋਕਾਂ ਲਈ ਸਹੀ ਮਦਦ ਤੱਕ ਪਹੁੰਚ ਕਰਨਾ ਔਖਾ ਬਣਾ ਸਕਦਾ ਹੈ। ਖੋਜ ਇਹ ਦੱਸਦੀ ਹੈ ਕਿ ਇਨ੍ਹਾਂ ਭਾਈਚਾਰਿਆਂ ਵਿਚ ਡਿਮੈਂਸ਼ੀਆ ਨਾਲ ਜੁੜੀ ਅਪਮਾਨਕਾਰੀ ਚਿੰਤਾ  ਦੀਆਂ ਵੱਖ ਵੱਖ ਕਿਸਮਾਂ ਹਨ, ਜੋ ਕਿ ਬੁਢਾਪੇ ਬਾਰੇ ਸਭਿਆਚਾਰਕ ਵਿਸ਼ਵਾਸਾਂ ਤੋਂ ਲੈ ਕੇ, ਜਿਵੇਂ ਕਿ ਯਾਦਦਾਸ਼ਤ ਘਟਣਾ ਬੁਢਾਪੇ ਦਾ ਇਕ ਆਮ ਹਿੱਸਾ ਹੈ, ਡਿਮੈਂਸ਼ੀਆ ਨੂੰ ਮਾਨਸਿਕ ਸਿਹਤ ਦੇ ਮਸਲੇ ਵਜੋਂ ਦੇਖੇ ਜਾਣ ਕਾਰਨ ਸਮਾਜ ਦੇ ਫੈਸਲੇ ਦੇ ਡਰ ਤੱਕ ਵੱਖ ਵੱਖ ਹਨ। ਸਮੱਸਿਆ ਦਾ ਹੱਲ ਕਰਨ ਲਈ ਅਸਰਦਾਰ ਜੁਗਤਾਂ ਤਿਆਰ ਕਰਨ ਵਾਸਤੇ ਇਨ੍ਹਾਂ ਵੱਖ ਵੱਖ ਅਪਮਾਨਕਾਰੀ ਚਿੰਤਾ ਨੂੰ ਸਮਝਣਾ ਜ਼ਰੂਰੀ ਹੈ। ਪਰ, ਇਹ ਮੰਨਣਾ ਜ਼ਰੂਰੀ ਹੈ ਕਿ ਕੈਨੇਡਾ ਵਿਚ ਇਸ ਤਰ੍ਹਾਂ ਦੀ ਖੋਜ ਦੀ ਘਾਟ ਹੈ। ਇਹ ਸਮਝਣ ਲਈ ਇੱਥੇ ਹੋਰ ਸਟੱਡੀਜ਼ ਦੀ ਲੋੜ ਹੈ ਕਿ ਅਪਮਾਨਕਾਰੀ ਚਿੰਤਾ ਦੀਆਂ ਇਹ ਕਿਸਮਾਂ, ਕੈਨੇਡਾ ਦੇ ਸੰਦਰਭ ਵਿਚ ਡਿਮੈਂਸ਼ੀਆ ਨਾਲ ਸਿੱਝ ਰਹੇ ਦੱਖਣੀ ਏਸ਼ੀਅਨ ਭਾਈਚਾਰਿਆਂ ਉੱਪਰ ਕਿਵੇਂ ਅਸਰ ਪਾਉਂਦੀਆਂ ਹਨ। ਇਹ ਸਾਡੇ ਭਾਈਚਾਰਿਆਂ ਦੀਆਂ ਲੋੜਾਂ ਲਈ ਜ਼ਿਆਦਾ ਢੁਕਵੀਆਂ ਮਦਦਾਂ ਅਤੇ ਜਾਣਕਾਰੀ ਤਿਆਰ ਕਰਨ ਵਿਚ ਸਹਾਇਤਾ ਕਰਨਗੀਆਂ।

> **ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ ਡਿਮੈਂਸ਼ੀਆ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਖੁੱਲ੍ਹੀ ਗੱਲਬਾਤ ਕਰਨ ਨੂੰ ਉਤਸ਼ਾਹ ਦੇਣਾ, ਮਿੱਥਾਂ ਨੂੰ ਦੂਰ ਕਰਨ,** ਅਪਮਾਨਕਾਰੀ ਚਿੰਤਾ **ਘਟਾਉਣ, ਅਤੇ ਹਾਲਤ ਦੀ ਜ਼ਿਆਦਾ ਹਮਦਰਦੀ ਪੂਰਨ ਸਮਝ ਨੂੰ ਉਤਸ਼ਾਹ ਦੇਣ ਲਈ ਜ਼ਰੂਰੀ ਹੈ।**

## ਸਭਿਆਚਾਰਕ ਤੌਰ `ਤੇ ਢੁਕਵੇਂ ਵਸੀਲਿਆਂ ਦੀ ਘਾਟ

ਡਿਮੈਂਸ਼ੀਆ ਵਿਚ ਮਦਦ ਦੇ ਉਪਲਬਧ ਪ੍ਰੋਗਰਾਮਾਂ ਦੀ ਵੱਡੀ ਗਿਣਤੀ, ਭਾਵੇਂ ਬਹੁਤ ਵਧੀਆ ਹੈ, ਪਰ ਇਹ ਅਕਸਰ ਸਭਿਆਚਾਰਕ ਪਾੜੇ ਨੂੰ ਪੂਰਾ ਕਰਨ ਵਿਚ ਫੇਲ੍ਹ ਹੋਈ ਹੈ, ਜਿਸ ਨਾਲ ਇਹ ਪੱਛਮੀ ਸਭਿਆਚਾਰ ਅਤੇ ਅੰਗਰੇਜ਼ੀ ਤੋਂ ਅਣਜਾਣ ਲਈ ਘੱਟ ਅਸਰਦਾਰ ਸਾਬਤ ਹੋਏ ਹਨ। ਦੇਖਭਾਲ ਕਰਨ ਵਾਲਿਆਂ ਅਤੇ ਡਿਮੈਂਸ਼ੀਆ ਵਾਲੇ ਲੋਕਾਂ ਦੋਨਾਂ ਦੀ ਮਦਦ ਲਈ ਤਿਆਰ ਕੀਤੀਆਂ ਗਈਆਂ ਲਾਹੇਵੰਦ ਸੇਵਾਵਾਂ ਅਤੇ ਵਸੀਲਿਆਂ ਦੀ ਬਹੁਤਾਤ ਦੇ ਬਾਵਜੂਦ, ਦੱਖਣੀ ਏਸ਼ੀਅਨ ਭਾਈਚਾਰਿਆਂ ਦੇ ਵਿਅਕਤੀਆਂ ਲਈ ਪਹੁੰਚਯੋਗਤਾ ਵਿਚ ਇਕ ਮਹੱਤਵਪੂਰਨ ਪਾੜਾ ਮੌਜੂਦ ਹੈ। ਭਾਸ਼ਾਈ ਅਤੇ ਸਭਿਆਚਾਰਕ ਰੁਕਾਵਟਾਂ ਉਨ੍ਹਾਂ ਲੋਕਾਂ ਲਈ ਇਨ੍ਹਾਂ ਸ੍ਰੋਤਾਂ ਦੀ ਅਸਰਦਾਇਕਤਾ ਵਿਚ ਅਕਸਰ ਵਿਘਨ ਪਾਉਂਦੀਆਂ ਹਨ ਜਿਹੜੇ ਇਨ੍ਹਾਂ ਭਾਈਚਾਰਿਆਂ ਨਾਲ ਸੰਬੰਧ ਰੱਖਦੇ ਹਨ। ਮਦਦ ਕਰਨ ਵਾਲੀਆਂ ਬਹੁਤ ਸਾਰੀਆਂ ਸੇਵਾਵਾਂ ਉਨ੍ਹਾਂ ਜ਼ਬਾਨਾਂ ਵਿਚ ਅਲੱਭ ਹੋ ਸਕਦੀਆਂ ਹਨ ਜਿਹੜੀਆਂ ਦੱਖਣੀ ਏਸ਼ੀਅਨ ਘਰਾਂ ਵਿਚ ਆਮ ਤੌਰ `ਤੇ ਬੋਲੀਆਂ ਜਾਂਦੀਆਂ ਹਨ, ਜਿਸ ਨਾਲ ਸੁਨੇਹਾ ਪਹੁੰਚਾਉਣ ਵਿਚ ਵੱਡਾ ਵਿਘਨ ਪੈਂਦਾ ਹੈ। ਇਸ ਤੋਂ ਇਲਾਵਾ, ਦੱਖਣੀ ਏਸ਼ੀਅਨ ਸੰਦਰਭ ਵਿਚ ਡਿਮੈਂਸ਼ੀਆ ਬਾਰੇ ਸਭਿਆਚਾਰਕ ਸੂਖਮ-ਭੇਦ ਬਾਰੇ ਪੂਰੀ ਤਰ੍ਹਾਂ ਗੱਲ ਨਹੀਂ ਕੀਤੀ ਗਈ ਹੋ ਸਕਦੀ ਹੈ, ਜਿਸ ਨਾਲ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁੱਖ ਧਾਰਾ ਦੇ ਵਸੀਲਿਆਂ ਨਾਲ ਜੁੜਨਾ ਜਾਂ ਇਨ੍ਹਾਂ ਤੋਂ ਫਾਇਦਾ ਲੈਣਾ ਚੁਣੌਤੀਪੂਰਨ ਹੋ ਸਕਦਾ ਹੈ।

ਆਪਣੀ ਪੀ ਐੱਚ. ਡੀ. ਦੇ ਦੌਰਾਨ, ਮੈਂ ਉਨ੍ਹਾਂ ਵਿਲੱਖਣ ਚੁਣੌਤੀਆਂ ਬਾਰੇ ਮਹੱਤਵਪੂਰਨ ਸਮਝ ਹਾਸਲ ਕੀਤੀ ਜਿਨ੍ਹਾਂ ਦਾ ਸਾਹਮਣਾ ਦੱਖਣੀ ਏਸ਼ੀਅਨ ਪਰਿਵਾਰਾਂ ਨੂੰ ਡਿਮੈਂਸ਼ੀਆ ਦੀਆਂ ਔਖਿਆਈਆਂ ਵਿਚ ਦੀ ਲੰਘਣ ਵੇਲੇ ਕਰਨਾ ਪੈਂਦਾ ਹੈ। ਡਿਮੈਂਸ਼ੀਆ `ਤੇ ਕੇਂਦਰਿਤ ਇਕ ਪ੍ਰੋਜੈਕਟ ਲਈ ਰਿਸਰਚ ਅਸਿਸਟੈਂਟ ਦਾ ਰੋਲ ਲੈਣ ਨੇ ਪਰਿਵਰਤਨਸ਼ੀਲ ਖੋਜ ਦੀ ਸ਼ੁਰੂਆਤ ਕੀਤੀ। ਜਿਵੇਂ ਮੈਂ ਡਿਮੈਂਸ਼ੀਆ ਬਾਰੇ ਜਾਗਰੂਕਤਾ ਅਤੇ ਸਹਾਇਤਾ ਸੇਵਾਵਾਂ ਬਾਰੇ ਸਿੱਖਣ ਵਿੱਚ ਡੂੰਘਾਈ ਨਾਲ ਸ਼ਾਮਲ, ਮੈਂ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਵਿਅਕਤੀਆਂ ਲਈ ਭਾਸ਼ਾਈ ਅਤੇ ਸੱਭਿਆਚਾਰਕ ਤੌਰ 'ਤੇ ਢੁਕਵੀਆਂ ਸੇਵਾਵਾਂ ਦੀ ਘਾਟ ਦੇਖੀ, ਇੱਕ ਅਸਲੀਅਤ ਜੋ ਮੇਰੀ ਆਪਣੀ ਦਾਦੀ ਦੇ ਅਨੁਭਵਾਂ ਵਿੱਚ ਪ੍ਰਤੀਬਿੰਬਤ ਸੀ। ਸ਼ਲਾਘਾਯੋਗ ਵਸੀਲਿਆਂ ਦੇ ਮੌਜੂਦ ਹੋਣ ਦੇ ਬਾਵਜੂਦ, ਅਸਰਦਾਰ ਮਦਦ ਲਈ ਲਾਜ਼ਮੀ ਭਾਸ਼ਾਈ ਅਤੇ ਸਭਿਆਚਾਰਕ ਢੁਕਵਾਂਪਣ ਸਪਸ਼ਟ ਰੂਪ ਵਿਚ ਗੈਰਹਾਜ਼ਰ ਦਿਖਾਈ ਦਿੱਤਾ।

> **ਇਸ ਅਹਿਸਾਸ ਨੇ ਡਿਮੇਨਸ਼ੀਆ ਨਾਲ ਰਹਿ ਰਹੇ ਦੱਖਣੀ ਏਸ਼ੀਆਈ ਕੈਨੇਡੀਅਨਾਂ ਦੇ ਤਜ਼ਰਬਿਆਂ 'ਤੇ ਕੇਂਦ੍ਰਿਤ ਉਪਲਬਧ ਸੇਵਾਵਾਂ ਅਤੇ ਖੋਜਾਂ ਵਿੱਚ ਮਹੱਤਵਪੂਰਨ ਪਾੜੇ ਨੂੰ ਸਮਝਣ ਅਤੇ ਉਜਾਗਰ ਕਰਨ ਦੇ ਮੇਰੇ ਇਰਾਦੇ ਨੂੰ ਬਲ ਦਿੱਤਾ।**

ਇਸ ਗਿਆਨ ਨੇ ਮੈਨੂੰ ਦੱਖਣੀ ਏਸ਼ੀਅਨ ਭਾਈਚਾਰੇ ਵਿਚ ਡਿਮੈਂਸ਼ੀਆ ਬਾਰੇ ਸਭਿਆਚਾਰਕ ਤੌਰ `ਤੇ ਸੰਵੇਦਨਸ਼ੀਲ ਅਤੇ ਭਾਸ਼ਾਈ ਤੌਰ `ਤੇ ਪਹੁੰਚਯੋਗ ਮਦਦ ਦੀ ਜ਼ਰੂਰੀ ਲੋੜ `ਤੇ ਜ਼ੋਰ ਦਿੰਦੇ ਹੋਏ, ਆਪਣੀ ਪੀ ਐੱਚ.ਡੀ.ਦੇ ਖੋਜ-ਪੱਤਰ ਨੂੰ ਹਿਮਾਇਤ ਕਰਨ ਲਈ ਪਲੇਟਫਾਰਮ ਵਜੋਂ ਵਰਤਣ ਲਈ ਪ੍ਰੇਰਨਾ ਦਿੱਤੀ।



ਜਿਵੇਂ ਮੇਰੀ ਦਾਦੀ ਵਿਚ ਡਿਮੈਂਸ਼ੀਆ ਦਾ ਪਤਾ ਲੱਗਾ, ਸਭਿਆਚਾਰਕ ਚੁਣੌਤੀਆਂ ਅਤੇ ਸਭਿਆਚਾਰਕ ਤੌਰ `ਤੇ ਢੁਕਵੇਂ ਵਸੀਲਿਆਂ ਦੀ ਅਣਹੋਂਦ ਸਪਸ਼ਟ ਹੁੰਦੀ ਗਈ, ਖਾਸ ਕਰਕੇ ਗੁੰਝਲਦਾਰ ਮੈਡੀਕਲ ਜਾਣਕਾਰੀ ਪੰਜਾਬੀ ਵਿਚ ਦੇਣ ਦੀ ਕੋਸ਼ਿਸ਼ ਕਰਨ ਵੇਲੇ। ਉਲਝਣ ਉਸ ਸ਼ਬਦਾਵਲੀ ਤੋਂ ਪੈਦਾ ਹੁੰਦੀ ਹੈ ਜੋ ਆਸਾਨੀ ਨਾਲ ਅਨੁਵਾਦ ਨਹੀਂ ਕਰਦੀ, ਡਿਮੇਨਸ਼ੀਆ ਖੋਜ ਵਿੱਚ ਦੱਖਣੀ ਏਸ਼ੀਆਈ ਕੈਨੇਡੀਅਨਾਂ ਦੀ ਘੱਟ ਪੇਸ਼ਕਾਰੀ ਦੇ ਵੱਡੇ ਮੁੱਦੇ ਨੂੰ ਉਜਾਗਰ ਕਰਦੀ ਹੈ। ਇਸ ਨੇ ਅਜਿਹੀ ਖੋਜ ਅਤੇ ਜਾਣਕਾਰੀ ਦੀ ਲੋੜ `ਤੇ ਜ਼ੋਰ ਦਿੱਤਾ ਜਿਹੜੀ ਦੱਖਣੀ ਏਸ਼ੀਅਨ ਭਾਈਚਾਰਿਆਂ ਨੂੰ ਦਰਪੇਸ਼ ਸਭਿਆਚਾਰਕ ਸੂਖਮ-ਭੇਦਾਂ ਅਤੇ ਚੁਣੌਤੀਆਂ ਨੂੰ ਫੜਦੀ ਹੋਵੇ।

ਕੈਨੇਡਾ ਦੇ ਅੰਦਰ ਸਭਿਆਚਾਰਕ ਅਸਮਾਨਤਾ ਦੀ ਜਾਗਰੂਕਤਾ ਇਕ ਪੋਆਇੰਟ `ਤੇ ਉਦੋਂ ਜ਼ਿਆਦਾ ਸਪਸ਼ਟ ਹੋ ਗਈ ਜਦੋਂ ਡਿਮੈਂਸ਼ੀਆ ਲਈ ਦੇਖਭਾਲ ਦੇ ਬਹੁਤ ਵਧੀਆ ਪ੍ਰੋਗਰਾਮ, ਅਸਰਦਾਰ ਹੋਣ ਦੇ ਬਾਵਜੂਦ, ਪੱਛਮੀ ਸਭਿਆਚਾਰ ਜਾਂ ਅੰਗਰੇਜ਼ੀ ਤੋਂ ਅਣਜਾਣ ਵਿਅਕਤੀਆਂ ਲਈ ਸੂਤ ਨਹੀਂ ਬੈਠੇ। ਮੇਰੀ ਦਾਦੀ ਬਿੰਗੋ ਜਾਂ ਹਾਲੀਵੁੱਡ ਮੂਵੀ ਨਾਈਟਾਂ ਵਰਗੀਆਂ ਗਤੀਵਿਧੀਆਂ ਨੂੰ ਨਹੀਂ ਸਮਝਦੀ ਜਿਸ ਕਾਰਨ ਸਾਡੇ ਲਈ ਉਹਨਾਂ ਲਈ ਕੋਈ ਮਨੋਰੰਜਨ ਸਹਾਇਤਾ ਲੱਭਣਾ ਮੁਸ਼ਕਲ ਹੋ ਗਿਆ, ਦੱਖਣੀ ਏਸ਼ੀਆਈ ਭਾਈਚਾਰਿਆਂ ਵਿੱਚ ਡਿਮੈਂਸ਼ੀਆ ਲਈ ਸੱਭਿਆਚਾਰਕ ਤੌਰ 'ਤੇ ਢੁਕਵੀਂ ਦੇਖਭਾਲ ਦੀ ਘਾਟ ਬਾਰੇ ਸਵਾਲ ਉੱਠੇ| ਇਹ ਜਾਣਕਾਰੀ ਸਾਹਮਣੇ ਆਈ, ਜਿਸ ਨੇ ਡਿਮੈਂਸ਼ੀਆ ਬਾਰੇ ਗੱਲਬਾਤ ਵਿਚ ਸਭਿਆਚਾਰਕ ਸ਼ਮੂਲੀਅਤ ਦੀ ਬਹੁਤ ਜ਼ਰੂਰੀ ਲੋੜ `ਤੇ ਜ਼ੋਰ ਦਿੱਤਾ। ਜਾਗਰੂਕਤਾ ਦੀ ਘਾਟ ਨੇ, ਗਲਤ ਧਾਰਨਾਵਾਂ ਅਤੇ ਸੀਮਤ ਵਸੀਲਿਆਂ ਨਾਲ, ਇਨ੍ਹਾਂ ਭਾਈਚਾਰਿਆਂ ਵਿਚ ਡਿਮੈਂਸ਼ੀਆ ਬਾਰੇ ਚੁੱਪ ਰਹਿਣ ਵਿਚ ਯੋਗਦਾਨ ਪਾਇਆ।

> **ਆਪਣੇ ਪਰਿਵਾਰ ਨਾਲ ਡਿਮੈਂਸ਼ੀਆ ਦੇ ਸਫ਼ਰ ਵਿਚ ਦੀ ਲੰਘਣ ਤੋਂ ਜਿਹੜਾ ਇਕ ਸਬਕ ਮੈਂ ਸਿੱਖਿਆ ਹੈ, ਉਹ ਡਿਮੈਂਸ਼ੀਆ ਦੀ ਦੇਖਭਾਲ ਦੇ ਸਭਿਆਚਾਰਕ ਸੂਖਮ-ਭੇਦ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਕਰਨ ਦੀ ਮਹੱਤਤਾ ਹੈ।**

ਅਜਿਹਾ ਕਰਨਾ, ਜਾਣਕਾਰੀ ਦੇ ਪਾੜਿਆਂ ਨੂੰ ਭਰਨ ਵਿਚ ਮਦਦ ਕਰਦਾ ਹੈ, ਸਭਿਆਚਾਰਕ ਅਪਮਾਨਕਾਰੀ ਚਿੰਤਾ ਦਾ ਹੱਲ ਕਰਦਾ ਹੈ, ਅਤੇ ਦੇਖਭਾਲ ਕਰਨ ਵਾਲਿਆਂ ਅਤੇ ਡਿਮੈਂਸ਼ੀਆ ਵਾਲੇ ਲੋਕਾਂ ਦੀ ਮਦਦ ਕਰਦਾ ਹੈ ਜਦੋਂ ਉਹ ਡਿਮੈਂਸ਼ੀਆ ਦਾ ਪਤਾ ਲੱਗਣ `ਤੇ ਅੱਗੇ ਵਧ ਰਹੇ ਹੁੰਦੇ ਹਨ। ਹਰ ਪਰਿਵਾਰ ਦਾ ਸਫ਼ਰ ਵਿਲੱਖਣ ਹੈ ਅਤੇ ਇਸ ਨੂੰ ਰੂਪ ਸਭਿਆਚਾਰਕ ਪਿਛੋਕੜਾਂ ਤੋਂ ਮਿਲਦਾ ਹੈ, ਅਤੇ ਉਸ ਮੁਤਾਬਕ ਮਦਦ ਤਿਆਰ ਕਰਨਾ ਜ਼ਰੂਰੀ ਹੈ।

> **ਮੈਨੂੰ ਆਸ ਹੈ ਕਿ ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ ਜ਼ਿਆਦਾ ਲੋਕ ਡਿਮੈਂਸ਼ੀਆ ਦੀ ਅਸਲੀਅਤ ਤੋਂ ਜਾਣੂ ਹੋਣਗੇ। ਇਹ ਗਲਤ ਧਾਰਨਾਵਾਂ ਨੂੰ ਦੂਰ ਕਰਨ, ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹ ਦੇਣ, ਅਤੇ ਸਭਿਆਚਾਰਕ ਤੌਰ `ਤੇ ਸੰਵੇਦਨਸ਼ੀਲ ਵਸੀਲਿਆਂ ਅਤੇ ਮਦਦ ਲਈ ਲੋੜ `ਤੇ ਜ਼ੋਰ ਦੇਣ ਲਈ ਜ਼ਰੂਰੀ ਹੈ। ਆਪਣੀ ਖੋਜ ਰਾਹੀਂ, ਮੈਂ ਦੱਖਣੀ ਏਸ਼ੀਅਨ ਭਾਈਚਾਰਿਆਂ ਵਿਚ ਡਿਮੈਂਸ਼ੀਆ ਵਾਲੇ ਲੋਕਾਂ ਦੀ ਦੇਖਭਾਲ ਬਾਰੇ ਪਹੁੰਚ ਨੂੰ ਸਮਝਣ ਅਤੇ ਹਾਂਪੱਖੀ ਤਬਦੀਲੀ ਕਰਨ ਨੂੰ ਉਤਸ਼ਾਹ ਦੇਣ ਲਈ ਇਸ ਜਾਗਰੂਕਤਾ ਵਿਚ ਯੋਗਦਾਨ ਪਾਉਣ ਦੀ ਇੱਛਕ ਹਾਂ।**

**ਦੱਖਣੀ ਏਸ਼ੀਅਨ ਭਾਈਚਾਰਿਆਂ ਲਈ ਡਿਮੈਂਸ਼ੀਆ ਬਾਰੇ ਵਸੀਲੇ ਲੱਭਣ ਲਈ** www.forwardwithdementia.ca **`ਤੇ ਜਾਉ।**